| ਪਾਲਸੀ: | | |
|---|---|---|
| **ਨਿਪਟਾਰੇ ਬਾਰੇ ਗੱਲਬਾਤ** | | |
| ਪਾਲਸੀ ਕੋਡ: | ਲਾਗੂ ਹੋਣ ਦੀ ਤਾਰੀਕ: | ਕਰੌਸ-ਰੈਫਰੈਂਸਿਜ਼: |
| **RES 1** | 15 ਜਨਵਰੀ, 2021 | ALT 1 APP 1 CHA 1<br>CHI 1 DAN 1 DIS 1<br>FIR 1 HAT 1 IMP 1<br>INF 1 IPV 1 SEN 1<br>VUL 1 WAI 1 WAI 1.1 |

ਕੈਨੇਡਾ ਦੀ ਸੁਪਰੀਮ ਕੋਰਟ ਨੇ ਇਹ ਤਸਦੀਕ ਕੀਤਾ ਹੈ ਕਿ ਕਰਾਊਨ ਅਤੇ ਸਫਾਈ ਦੇ ਵਕੀਲ ਵਿਚਕਾਰ ਨਿਪਟਾਰੇ (ਰੈਜ਼ੋਲੂਸ਼ਨ) ਬਾਰੇ ਗੱਲਬਾਤ ਨਾ ਸਿਰਫ ਆਮ ਹੈ, ਸਗੋਂ "ਜ਼ਰੂਰੀ" ਹੈ। ਸਹੀ ਤਰ੍ਹਾਂ ਕਰਨ ਨਾਲ "ਨਿਪਟਾਰੇ ਲਈ ਗੱਲਬਾਤਾਂ" ਸਿਸਟਮ ਨੂੰ ਨਿਰਵਿਘਨ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰਨ ਦੀ ਆਗਿਆ ਦਿੰਦੀਆਂ ਹਨ।[1]

ਅਸੂਲਾਂ ਮੁਤਾਬਕ ਨਿਪਟਾਰੇ (ਰੈਜ਼ੋਲੂਸ਼ਨ) ਬਾਰੇ ਗੱਲਬਾਤ ਦਾ ਨਤੀਜਾ ਅਕਸਰ ਗਿਲਟੀ ਪਲੀਅ ਕਰਨ ਵਿਚ ਜਾਂ ਉਹ ਤੱਥ ਮੰਨਣ ਵਿਚ ਨਿਕਲਦਾ ਹੈ ਜਿਹੜੇ ਨਹੀਂ ਤਾਂ ਕਰਾਊਨ ਨੂੰ ਸਾਬਤ ਕਰਨੇ ਪੈਣੇ ਸਨ। ਚਾਰਜਾਂ ਦੇ ਛੇਤੀ ਨਿਪਟਾਰੇ ਜਾਂ ਮਾਮਲਿਆਂ ਨੂੰ ਘੱਟ ਕਰਨਾ ਪੀੜਿਤਾਂ ਅਤੇ ਗਵਾਹਾਂ ਲਈ ਸਟਰੈੱਸ ਅਤੇ ਤਕਲੀਫ਼ ਘਟਾ ਸਕਦੇ ਹਨ ਅਤੇ ਜਸਟਿਸ ਸਿਸਟਮ ਨੂੰ ਜ਼ਿਆਦਾ ਕਾਰਗਰ ਬਣਾ ਸਕਦੇ ਹਨ ਜਿੱਥੇ ਬੇਲੋੜੇ ਮੁਕੱਦਮਿਆਂ ਤੋਂ ਬਚਾਅ ਹੁੰਦਾ ਹੈ ਅਤੇ ਜ਼ਰੂਰੀ ਮੁਕੱਦਮੇ ਛੋਟੇ ਹੁੰਦੇ ਹਨ ਅਤੇ ਤੱਥਾਂ ਵਾਲੇ ਅਤੇ ਕਾਨੂੰਨੀ ਮਾਮਲਿਆਂ 'ਤੇ ਧਿਆਨ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਸਪਸ਼ਟ ਤੌਰ 'ਤੇ ਝਗੜਾ ਹੁੰਦਾ ਹੈ।

ਜਦੋਂ ਵੀ ਸੰਭਵ ਹੋਵੇ, ਕਰਾਊਨ ਕੌਂਸਲ ਨੂੰ ਨਿਪਟਾਰੇ ਲਈ ਅਗੇਤੀ, ਅਸੂਲੀ, ਅਤੇ ਜਾਣਕਾਰੀ ਵਾਲੀ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ। ਅਜਿਹਾ ਕਰਨ ਵੇਲੇ, ਕਰਾਊਨ ਕੌਂਸਲ ਲਈ ਸਮਾਜ ਦੀ ਰੱਖਿਆ ਕਰਦੇ ਹੋਏ ਅਤੇ ਇਸ ਦੇ ਨਾਲ ਨਾਲ ਕ੍ਰਿਮੀਨਲ ਜਸਟਿਸ ਨੂੰ ਲਾਗੂ ਕਰਨ ਵਿਚ ਲੋਕਾਂ ਦੇ ਭਰੋਸੇ ਨੂੰ ਉਤਸ਼ਾਹ ਦਿੰਦੇ ਹੋਏ ਸਦਾ ਜਨਤਕ ਹਿੱਤ ਵਿਚ ਕੰਮ ਕਰਨਾ ਜ਼ਰੂਰੀ ਹੈ।

ਨਿਪਟਾਰੇ ਬਾਰੇ ਗੱਲਬਾਤ ਵਿਚ ਲਾਏ ਗਏ ਚਾਰਜਾਂ ਅਤੇ ਉਨ੍ਹਾਂ ਦੇ ਸੰਭਵ ਨਬੇੜਿਆਂ ਬਾਰੇ ਕਰਾਊਨ ਕੌਂਸਲ ਅਤੇ ਸਫ਼ਾਈ ਦੇ ਵਕੀਲ ਵਿਚਕਾਰ ਸਾਰੇ ਵਿਚਾਰ-ਵਟਾਂਦਰੇ ਸ਼ਾਮਲ ਹਨ। ਉਦਾਹਰਣਾਂ ਵਿਚ ਇਹ ਸ਼ਾਮਲ ਹੋ ਸਕਦੇ ਹਨ:

- ਚਾਰਜ ਨੂੰ ਘੱਟ ਕਰਨਾ ਜਾਂ ਘੱਟ ਗੰਭੀਰ ਜੁਰਮ ਲਈ ਚਾਰਜ ਕਰਨਾ
- ਕਿਸੇ ਵੱਖਰੇ ਜੁਰਮ ਲਈ ਪਲੀਅ ਪ੍ਰਵਾਨ ਕਰਨਾ ਜਿਵੇਂ ਕਿ *ਕ੍ਰਿਮੀਨਲ ਕੋਡ* ਦਾ ਸੈਕਸ਼ਨ 606(4) ਆਗਿਆ ਦਿੰਦਾ ਹੈ
- ਹੋਰ ਚਾਰਜ ਵਾਪਸ ਲੈਣਾ ਜਾਂ ਹੋਰ ਚਾਰਜਾਂ 'ਤੇ ਕਾਰਵਾਈ ਰੋਕਣਾ
- ਕਿਸੇ ਚਾਰਜ 'ਤੇ ਕਾਰਵਾਈ ਨਾ ਕਰਨ ਲਈ ਸਹਿਮਤ ਹੋਣਾ ਜਾਂ ਹੋਰ ਕਥਿਤ ਦੋਸ਼ੀਆਂ ਖਿਲਾਫ ਕਾਰਵਾਈ ਰੋਕਣ ਜਾਂ ਚਾਰਜ ਵਾਪਸ ਲੈਣ ਲਈ ਸਹਿਮਤ ਹੋਣਾ
- ਕਈ ਚਾਰਜਾਂ ਨੂੰ ਘਟਾ ਕੇ ਇਕ "ਗਲੋਬਲ" ਚਾਰਜ ਵਿਚ ਸਾਰੇ ਚਾਰਜ ਸ਼ਾਮਲ ਕਰਨ ਲਈ ਸਹਿਮਤ ਹੋਣਾ

1 *R. v Anthony-Cook*, 2016 SCC 43 at para 1

- ਕਿਸੇ ਚਾਰਜ ਨੂੰ ਵਾਪਸ ਲੈਣ ਜਾਂ ਕੁਝ ਵਿਸ਼ੇਸ਼ ਦੋਸ਼ਾਂ ’ਤੇ ਕਾਰਵਾਈਆਂ ਰੋਕਣ ਲਈ ਸਹਿਮਤ ਹੋਣਾ ਪਰ ਦੂਜੇ ਦੋਸ਼ਾਂ ’ਤੇ ਕਾਰਵਾਈ ਕਰਨਾ, ਉਨ੍ਹਾਂ ਅਹਿਮ ਤੱਥਾਂ ਦੇ ਆਧਾਰ ’ਤੇ ਜਿਹੜੇ ਕਾਰਵਾਈ ਅਧੀਨ ਦੋਸ਼ਾਂ ਦੇ ਸੰਬੰਧ ਵਿਚ ਸਜ਼ਾ ਦੇਣ ਦੇ ਮੰਤਵ ਲਈ ਵਾਪਸ ਲਏ ਗਏ ਦੋਸ਼ਾਂ ਜਾਂ ਉਨ੍ਹਾਂ ਦੋਸ਼ਾਂ ਨੂੰ ਗੰਭੀਰ ਪੱਖ ਬਣਾਉਂਦੇ ਹੋਣ ਜਿਨ੍ਹਾਂ ’ਤੇ ਕਾਰਵਾਈ ਰੋਕੀ ਗਈ ਹੈ
- ਕੇਸ ਨੂੰ ਭਵਿੱਖ ਦੀ ਕਿਸੇ ਖਾਸ ਤਾਰੀਕ ਨੂੰ ਨਿਪਟਾਉਣ ਲਈ ਸਹਿਮਤ ਹੋਣਾ ਜੇ ਰਿਕਾਰਡ ’ਤੇ, ਕਥਿਤ ਦੋਸ਼ੀ ਇਕ ਵਾਜਬ ਸਮੇਂ ਦੇ ਵਿਚ ਮੁਕੱਦਮਾ ਚਲਾਏ ਜਾਣ ਦੇ ਹੱਕ ਨੂੰ ਤਿਆਗਦਾ ਹੈ
- ਚਾਰਜ ਹਟਾਉਣ ਬਾਰੇ ਪਾਲਸੀ ਮੁਤਾਬਕ ਚਾਰਜਾਂ ਨੂੰ ਹਟਾਉਣ ਲਈ ਸਹਿਮਤ ਹੋਣਾ (*ਵੇਵਰ ਔਫ ਕ੍ਰਿਮੀਨਲ ਚਾਰਜਿਜ਼ ਵਿਦਇਨ ਪ੍ਰੌਵਿੰਸ* (WAI 1), *ਵੇਵਰ ਔਫ ਕ੍ਰਿਮੀਨਲ ਚਾਰਜਿਜ਼ ਬਿਟਵੀਨ ਪ੍ਰੌਵਿੰਸਿਜ਼* (WAI 1.1))
- ਸਜ਼ਾ ਬਾਰੇ ਕੋਈ ਖਾਸ ਪੋਜ਼ੀਸ਼ਨ ਲੈਣ ਲਈ ਸਹਿਮਤ ਹੋਣਾ

ਨਿਪਟਾਰੇ ਬਾਰੇ ਗੱਲਬਾਤ ਕਰਦਿਆਂ, ਕਰਾਊਨ ਕੌਂਸਲ ਲਈ ਇਹ ਕਰਨਾ ਜ਼ਰੂਰੀ ਹੈ:

- *ਚਾਰਜ ਅਸੈੱਸਮੈਂਟ ਗਾਈਡਲਾਈਨਜ਼* (CHA 1) ਪਾਲਸੀ ਲਾਗੂ ਕਰਨਾ, ਅਤੇ ਗਿਲਟੀ ਪਲੀਅ ਸਿਰਫ ਤਾਂ ਹੀ ਪ੍ਰਵਾਨ ਕਰਨਾ ਜੇ ਉਸ ਪਾਲਸੀ ਵਿਚਲਾ ਮਿਆਰ ਪੂਰਾ ਹੋਣਾ ਜਾਰੀ ਰਹਿੰਦਾ ਹੈ
- *ਡਿਸਕਲੋਜ਼ਰ* (DIS 1) ਬਾਰੇ ਪਾਲਸੀ ਮੁਤਾਬਕ ਕਾਰਵਾਈ ਦੇ ਢੁਕਵੇਂ ਪੱਧਰ ਅਨੁਸਾਰ ਕਥਿਤ ਦੋਸ਼ੀ ਨੂੰ ਪੂਰੀ ਜਾਣਕਾਰੀ ਦੇਣਾ
- ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਦੀਆਂ ਉਨ੍ਹਾਂ ਹੋਰ ਪਾਲਸੀਆਂ ਨੂੰ ਲਾਗੂ ਕਰਨਾ ਜਿਨ੍ਹਾਂ ਦਾ ਨਿਪਟਾਰੇ ਬਾਰੇ ਗੱਲਬਾਤਾਂ ’ਤੇ ਸਿੱਧਾ ਅਸਰ ਹੋ ਸਕਦਾ ਹੈ (ਜਿਵੇਂ, *ਅਲਟਰਨੇਟਿਵਜ਼ ਟੂ ਪ੍ਰੌਸੀਕਿਊਸ਼ਨਜ਼ – ਅਡੱਲਟਸ* (ALT 1), *ਚਾਇਲਡ ਵਿਕਟਿਮਜ਼ ਐਂਡ ਵਿਟਨੈੱਸਿਜ਼* (CHI 1), *ਡੇਂਜਰਿਸ ਓਫੈਂਡਰਜ਼ ਐਂਡ ਲੌਂਗ-ਟਰਮ ਓਫੈਂਡਰਜ਼* (DAN 1), *ਫਾਇਰਆਰਮਜ਼* (FIR 1), *ਇਮਪੇਅਰਡ ਡਰਾਈਵਿੰਗ ਪ੍ਰੌਸੀਕਿਊਸ਼ਨਜ਼* (IMP 1), *ਇਨਟੀਮੇਟ ਪਾਰਟਨਰ ਵਾਇਲੈਂਸ* (IPV 1), *ਸੈਨਟੈਨਸਿੰਗ – ਅਡੱਲਟਸ* (SEN 1), *ਵੌਲਨਰੇਬਲ ਵਿਕਟਿਮਜ਼ ਐਂਡ ਵਿਟਨੈੱਸਿਜ਼* (VUL 1))
- ਇਹ ਪੱਕਾ ਕਰਨਾ ਕਿ ਜਿਸ ਦੋਸ਼ ਲਈ ਕਥਿਤ ਦੋਸ਼ੀ ਗਿਲਟੀ ਪਲੀਡ ਕਰਦਾ ਹੈ, ਉਹ ਕਥਿਤ ਦੋਸ਼ੀ ਦੇ ਸਾਬਤ ਕਰਨ ਯੋਗ ਮੁਜਰਮਾਨਾ ਵਤੀਰੇ ਦਾ ਅਕਸ ਦਿਖਾਉਂਦਾ ਹੈ ਅਤੇ ਸਜ਼ਾ ਦੀ ਇਕ ਢੁਕਵੀਂ ਹੱਦ ਪ੍ਰਦਾਨ ਕਰਦਾ ਹੈ
- ਸਜ਼ਾ ਦੀ ਲੰਬਾਈ ਜਾਂ ਸਜ਼ਾ ਦੇ ਰੂਪ ਜਾਂ ਜੁਰਮਾਨੇ ਦੀ ਰਕਮ ਬਾਰੇ ਸਿਰਫ ਉੱਥੇ ਹੀ ਅਦਾਲਤ ਅੱਗੇ ਸਾਂਝਾ ਦ੍ਰਿਸ਼ਟੀਕੋਣ (ਸਬਮਿਸ਼ਨ) ਪੇਸ਼ ਕਰਨਾ, ਜਿੱਥੇ ਕਰਾਊਨ ਕੌਂਸਲ ਸੰਤੁਸ਼ਟ ਹੋਵੇ ਕਿ ਲੋਕਾਂ ਦੇ ਹਿੱਤ ਵਿਚ ਸਾਂਝਾ ਦ੍ਰਿਸ਼ਟੀਕੋਣ ਪੇਸ਼ ਕਰਨਾ ਢੁਕਵਾਂ ਹੈ, ਇਹ ਨਿਆਂ ਪ੍ਰਣਾਲੀ ਲਈ ਬਦਨਾਮੀ ਨਹੀਂ ਲਿਆਏਗਾ, ਅਤੇ ਇਸ ਲਈ ਅਸੂਲੀ ਕਾਨੂੰਨੀ ਆਧਾਰ ਫਾਇਲ ਉੱਪਰ ਦਰਜ ਕੀਤਾ ਗਿਆ ਹੈ
- ਕਿਸੇ ਵੀ ਅਜਿਹੇ ਪ੍ਰਬੰਧ ਵਿਚ ਦਾਖਲ ਹੋਣ ਤੋਂ ਪਰਹੇਜ਼ ਕਰਨਾ ਜਿਹੜਾ ਕਿਸੇ ਅਪੀਲ ਦੇ ਸੰਬੰਧ ਵਿਚ ਅਟਾਰਨੀ ਜਨਰਲ ਦੇ ਅਖ਼ਤਿਆਰ ਵਿਚ ਰੁਕਾਵਟ ਬਣਦਾ ਹੋਵੇ, ਜੇ ਅਜਿਹੇ ਪ੍ਰਬੰਧ ਲਈ ਅਗਾਊਂ ਹੀ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਤੋਂ ਲਿਖਤੀ ਮਨਜ਼ੂਰੀ ਨਹੀਂ ਲਈ ਗਈ ਹੈ (*ਅਪੀਲਜ਼ ਬਾਏ ਕਰਾਊਨ ਟੂ ਦਿ ਕੋਰਟ ਔਫ ਅਪੀਲ ਐਂਡ ਸੁਪਰੀਮ ਕੋਰਟ ਔਫ ਕੈਨੇਡਾ* (APP 1))
- ਕਿਸੇ ਸੰਭਵ ਜਾਂ ਅਸਲੀ ਨਿਪਟਾਰੇ ਦੇ ਸੰਬੰਧ ਵਿਚ ਸਫਾਈ ਦੇ ਵਕੀਲ ਨਾਲ ਕਿਸੇ ਠੋਸ ਗੱਲਬਾਤ ਨੂੰ ਫਾਇਲ ਉੱਪਰ ਰਿਕਾਰਡ ਕਰਨਾ

ਨਿਪਟਾਰੇ ਲਈ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ, ਕਰਾਊਨ ਕੌਂਸਲ ਨੂੰ ਇਹ ਕਰਨਾ ਚਾਹੀਦਾ ਹੈ:

- ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਜੇ ਕਥਿਤ ਦੋਸ਼ੀ ਮੁਕੱਦਮੇ ਤੋਂ ਬਾਅਦ ਦੋਸ਼ੀ ਸਿੱਧ ਹੋ ਜਾਵੇ ਤਾਂ ਕਾਨੂੰਨੀ ਪੱਧਰ ’ਤੇ ਢੁਕਵੀਂ ਸਜ਼ਾ ਦਾ ਪੱਧਰ ਕੀ ਹੋਵੇਗਾ
- ਇਹ ਜਾਣਨਾ ਚਾਹੀਦਾ ਹੈ ਕਿ ਗਿਲਟੀ ਪਲੀਅ ਸਜ਼ਾ ਨੂੰ ਘੱਟ ਕਰਨ ਦਾ ਇਕ ਪੱਖ ਹੈ ਅਤੇ ਇਹ ਅਗੇਤੀ ਗਿਲਟੀ ਪਲੀਅ ਲਈ ਕਥਿਤ ਦੋਸ਼ੀ ਨੂੰ ਸਜ਼ਾ ਘਟਾਉਣ ਦਾ ਪੂਰਾ ਲਾਭ ਦਿੰਦਾ ਹੈ
- ਇਹ ਸਮਝਣਾ ਚਾਹੀਦਾ ਹੈ ਕਿ ਮੁਕੱਦਮੇ ਦੀ ਤਾਰੀਕ ਤੈਅ ਹੋ ਜਾਣ ਤੋਂ ਬਾਅਦ, ਜੇ ਸਾਬਤ ਕਰਨ ਯੋਗ ਤੱਥ ਇਕ ਵੱਡੀ ਹੱਦ ਤੱਕ ਕਾਇਮ ਰਹਿੰਦੇ ਹਨ ਤਾਂ ਗਿਲਟੀ ਪਲੀਅ ਦਾ ਸਜ਼ਾ ਘਟਾਉਣ ਦਾ ਅਸਰ ਘਟ ਜਾਂਦਾ ਹੈ
- ਮੁਕੱਦਮੇ ਜਾਂ ਸੁਣਵਾਈ ਦੀ ਤਾਰੀਕ ਨੇੜੇ ਆਉਣ ’ਤੇ, ਗਵਾਹਾਂ ਅਤੇ ਪੀੜਿਤਾਂ ਉੱਪਰ ਅਸਰ ਵਧਣ ਕਰਕੇ ਅਤੇ ਸਜ਼ਾ ਦੀ ਕਾਨੂੰਨੀ ਤੌਰ ’ਤੇ ਢੁਕਵੀਂ ਹੱਦ, ਮੁਕੱਦਮੇ ਤੋਂ ਬਾਅਦ ਦੀ ਹੱਦ ਦੇ ਜ਼ਿਆਦਾ ਨੇੜੇ ਪਹੁੰਚਣ ਕਰਕੇ ਕਰਾਊਨ ਵਲੋਂ ਸਜ਼ਾ ਬਾਰੇ ਪੋਜ਼ੀਸ਼ਨ ਨੂੰ ਉੱਪਰ ਵੱਲ ਨੂੰ ਅਡਜਸਟ ਕਰਨਾ ਚਾਹੀਦਾ ਹੈ
- ਜਿੱਥੇ ਢੁਕਵਾਂ ਹੋਵੇ, *ਕੈਨੇਡੀਅਨ ਚਾਰਟਰ ਔਫ ਰਾਈਟਸ ਐਂਡ ਫ੍ਰੀਡਮਜ਼* ਦੇ ਸੈਕਸ਼ਨ 11(ਬੀ) ਨੂੰ ਅਤੇ ਸਮੇਂ ਦੀ ਉਸ ਲੰਬਾਈ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜਦੋਂ ਤੋਂ ਕੇਸ ਮੁਕੱਦਮੇ ਦੀ ਉਡੀਕ ਕਰ ਰਿਹਾ ਹੈ

ਸਜ਼ਾ ਬਾਰੇ ਬੋਲਦੇ ਹੋਏ, ਕਰਾਊਨ ਕੌਂਸਲ ਨੂੰ ਇਹ ਕਰਨਾ ਚਾਹੀਦਾ ਹੈ:

- ਇਹ ਪੱਕਾ ਕਰਨਾ ਚਾਹੀਦਾ ਹੈ ਕਿ ਗਿਲਟੀ ਪਲੀਅ ਪ੍ਰਵਾਨ ਕਰਨ ਲਈ ਸ਼ਰਤਾਂ ਪੂਰੀਆਂ ਕੀਤੀਆਂ ਗਈਆਂ ਹਨ, ਅਤੇ ਅਦਾਲਤ ਨੇ ਆਪਣੇ ਆਪ ਨੂੰ *ਕ੍ਰਿਮੀਨਲ ਕੋਡ* ਦੇ ਸੈਕਸ਼ਨ 606(1.1) ਵਿਚਲੀਆਂ ਸ਼ਰਤਾਂ ਤੋਂ ਸੰਤੁਸ਼ਟ ਕੀਤਾ ਹੈ:
    - ਕਥਿਤ ਦੋਸ਼ੀ ਪਲੀਅ ਆਪਣੀ ਮਰਜ਼ੀ ਨਾਲ ਕਰ ਰਿਹਾ ਹੈ
    - ਕਥਿਤ ਦੋਸ਼ੀ ਇਹ ਸਮਝਦਾ ਹੈ ਕਿ ਪਲੀਅ ਜੁਰਮ ਦੇ ਜ਼ਰੂਰੀ ਤੱਤਾਂ, ਪਲੀਅ ਦੀ ਕਿਸਮ ਅਤੇ ਸਿੱਟਿਆਂ ਨੂੰ ਪ੍ਰਵਾਨ ਕਰਨਾ ਹੈ, ਅਤੇ ਅਦਾਲਤ ਕਥਿਤ ਦੋਸ਼ੀ ਅਤੇ ਸਰਕਾਰੀ ਵਕੀਲ ਵਿਚਕਾਰ ਕਿਸੇ ਐਗਰੀਮੈਂਟ ਦੀ ਪਾਬੰਦ ਨਹੀਂ ਹੈ
    - ਤੱਥ ਚਾਰਜ ਦੀ ਹਿਮਾਇਤ ਕਰਦੇ ਹਨ[2]
- ਅਦਾਲਤ ਨੂੰ ਸਾਰੀ ਢੁਕਵੀਂ ਜਾਣਕਾਰੀ ਦੇਣੀ ਚਾਹੀਦੀ ਹੈ ਜਿਸ ਵਿਚ ਕੋਈ ਵੀ ਮੁਜਰਮਾਨਾ ਰਿਕਾਰਡ, ਉਹ ਤੱਥ ਜਿਨ੍ਹਾਂ ਬਾਰੇ ਸਹਿਮਤੀ ਹੋਈ ਹੈ ਅਤੇ ਜੁਰਮ ਨੂੰ ਗੰਭੀਰ ਬਣਾਉਣ ਵਾਲੇ ਕੋਈ ਹਾਲਾਤ (ਉਦਾਹਰਣ ਲਈ ਕਿਸੇ ਹਥਿਆਰ ਦੀ ਵਰਤੋਂ) ਸ਼ਾਮਲ ਹਨ ਜਿਹੜੇ ਕਰਾਊਨ ਸਾਬਤ ਕਰਨ ਦੇ ਯੋਗ ਹੈ
- ਅਦਾਲਤ ਲਈ ਸਜ਼ਾ ਦੀ ਕਾਨੂੰਨੀ ਤੌਰ ’ਤੇ ਢੁਕਵੀਂ ਹੱਦ ਦੀ ਪਛਾਣ ਕਰਨੀ ਅਤੇ ਖਾਸ ਹਾਲਤਾਂ ਨੂੰ ਛੱਡ ਕੇ, ਗੰਭੀਰ ਬਣਾਉਣ ਵਾਲੀਆਂ ਅਤੇ ਘੱਟ ਕਰਨ ਵਾਲੀਆਂ ਢੁਕਵੀਂਆਂ ਹਾਲਤਾਂ ਨੂੰ ਧਿਆਨ ਵਿਚ ਰੱਖਦਿਆਂ ਉਸ ਹੱਦ ਦੇ ਵਿਚ ਸਜ਼ਾ ਦੀ ਸਿਫਾਰਸ਼ ਕਰਨੀ ਚਾਹੀਦੀ ਹੈ

## ਆਦਿਵਾਸੀ ਵਿਅਕਤੀ

ਵੱਖ ਵੱਖ ਸਰਕਾਰੀ ਕਮਿਸ਼ਨਾਂ ਅਤੇ ਰਿਪੋਰਟਾਂ, ਅਤੇ ਇਸ ਦੇ ਨਾਲ ਨਾਲ ਕੈਨੇਡਾ ਦੀ ਸੁਪਰੀਮ ਕੋਰਟ ਦੇ ਫੈਸਲਿਆਂ ਨੇ ਇਹ ਸਵੀਕਾਰ ਕੀਤਾ ਹੈ ਕਿ ਆਦਿਵਾਸੀ ਵਿਅਕਤੀਆਂ (ਫਸਟ ਨੇਸ਼ਨਜ਼, ਮੇਟੀਸ, ਅਤੇ ਇਨੂਇਟ) ਵਲੋਂ ਝੱਲਿਆ ਗਿਆ ਵਿਤਕਰਾ, ਭਾਵੇਂ ਇਹ ਸਪਸ਼ਟ ਤੌਰ ’ਤੇ ਨਸਲੀ ਵਤੀਰਿਆਂ ਜਾਂ ਸਭਿਆਚਾਰਕ ਤੌਰ ’ਤੇ ਅਣਉੱਚਿਤ ਤਰੀਕਿਆਂ ਦਾ ਨਤੀਜਾ ਹੋਵੇ, ਕ੍ਰਿਮੀਨਲ ਜਸਟਿਸ ਸਿਸਟਮ ਦੇ ਸਾਰੇ ਹਿੱਸਿਆਂ ਤੱਕ ਫੈਲਿਆ ਹੋਇਆ ਹੈ।

ਪਾਰਲੀਮੈਂਟ ਨੇ ਇਸ ਵਧ ਰਹੀ ਸਮਾਜਿਕ ਸਹਿਮਤੀ ਨੂੰ ਮਾਨਤਾ ਦਿੱਤੀ ਹੈ ਕਿ ਇਨ੍ਹਾਂ ਸਮੱਸਿਆਵਾਂ ਦਾ ਹੱਲ ਆਦਿਵਾਸੀ ਲੋਕਾਂ ’ਤੇ ਅਸਰ

2 *R. v Anthony-Cook*, 2016 SCC 43 at para 1

ਪਾਉਣ ਵਾਲੇ ਵਿਲੱਖਣ ਸਿਸਟਮਬੱਧ ਅਤੇ ਪਿਛੋਕੜ ਦੇ ਪੱਖਾਂ ਨੂੰ ਧਿਆਨ ਵਿਚ ਰੱਖ ਕੇ, ਅਤੇ ਇਸ ਦੇ ਨਾਲ ਨਾਲ ਉਨ੍ਹਾਂ ਦੀਆਂ ਬੁਨਿਆਦੀ ਤੌਰ 'ਤੇ ਵੱਖਰੀਆਂ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਦੁਨੀਆ ਬਾਰੇ ਵੱਖਰੇ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਣਾ ਜ਼ਰੂਰੀ ਹੈ।[3]

ਕੈਨੇਡਾ ਵਿਚ ਬਸਤੀਵਾਦ, ਥਾਂ-ਬਦਲੀ ਅਤੇ ਰੈਜ਼ੀਡੈਂਸ਼ਲ ਸਕੂਲਾਂ ਦੇ ਇਤਿਹਾਸ ਦਾ ਮਤਲਬ ਆਦਿਵਾਸੀ ਲੋਕਾਂ ਲਈ ਪੜ੍ਹਾਈ ਵਿਚ ਘੱਟ ਸਫਲਤਾ, ਘੱਟ ਆਮਦਨਾਂ, ਜ਼ਿਆਦਾ ਬੇਰੁਜ਼ਗਾਰੀ, ਨਸ਼ਿਆਂ ਦੀ ਜ਼ਿਆਦਾ ਵਰਤੋਂ ਅਤੇ ਖੁਦਕੁਸ਼ੀ ਦੀਆਂ ਜ਼ਿਆਦਾ ਦਰਾਂ ਅਤੇ ਜੇਲ੍ਹ ਜਾਣ ਦੇ ਜ਼ਿਆਦਾ ਪੱਧਰ ਹਨ।[4] ਇਸ ਦੇ ਨਾਲ ਹੀ, ਆਦਿਵਾਸੀ ਲੋਕਾਂ ਵਿਚ ਜੁਰਮਾਂ ਦਾ ਸ਼ਿਕਾਰ ਹੋਣ ਦੀਆਂ ਦਰਾਂ, ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਕੁੜੀਆਂ ਲਈ, ਗੈਰ-ਆਦਿਵਾਸੀ ਲੋਕਾਂ ਲਈ ਦਰਾਂ ਨਾਲੋਂ ਕਿਤੇ ਜ਼ਿਆਦਾ ਹਨ।[5]

ਸਜ਼ਾ ਲਈ ਆਪਣਾ ਦ੍ਰਿਸ਼ਟੀਕੋਣ ਬਣਾਉਣ ਵੇਲੇ, ਕਰਾਊਨ ਕੌਂਸਲ ਨੂੰ "ਸਾਡੇ ਕ੍ਰਿਮੀਨਲ ਜਸਟਿਸ ਸਿਸਟਮ ਵਿਚ ਆਦਿਵਾਸੀ ਲੋਕਾਂ ਦੇ ਖਿਲਾਫ ਵੱਡੇ ਪੱਧਰ 'ਤੇ ਨਸਲਵਾਦ ਦੇ ਨੁਕਸਾਨਦੇਹ ਅਸਰਾਂ" ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ"।[6]

ਜਿਵੇਂ ਕਿ ਸੀ ਐੱਚ ਏ 1 ਵਿਚ ਨੋਟ ਕੀਤਾ ਗਿਆ ਹੈ, ਚਾਰਜ ਅਸੈੱਸਮੈਂਟ ਦੇ ਅਗੇਤੇ ਪੜਾ 'ਤੇ, ਕਰਾਊਨ ਕੌਂਸਲ ਨੂੰ ਇਹ ਫੈਸਲਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੀ ਕਥਿਤ ਦੋਸ਼ੀ ਜਾਂ ਪੀੜਤ ਦੀ ਪਛਾਣ ਇਕ ਆਦਿਵਾਸੀ ਵਿਅਕਤੀ ਦੇ ਤੌਰ 'ਤੇ ਹੈ ਅਤੇ, ਇਸ ਕਰਕੇ, ਕੀ ਆਦਿਵਾਸੀ ਵਿਅਕਤੀਆਂ ਪ੍ਰਤੀ ਪਬਲਿਕ ਦੇ ਹਿਤ ਬਾਰੇ ਖਾਸ ਵਿਚਾਰਾਂ ਲਾਗੂ ਹੋਣੀਆਂ ਚਾਹੀਦੀਆਂ ਹਨ। ਇਹ ਫੈਸਲਾ ਕਰਨ ਲਈ ਕਰਾਊਨ ਕੌਂਸਲ ਨੂੰ ਰਿਪੋਰਟ ਟੂ ਕਰਾਊਨ ਕੌਂਸਲ ਵਿਚਲੀ ਕੋਈ ਵੀ ਜਾਣਕਾਰੀ ਵਿਚਾਰਨੀ ਚਾਹੀਦੀ ਹੈ ਜਾਂ ਉਹ ਕੋਈ ਵੀ ਜਾਣਕਾਰੀ ਦੇਖਣੀ ਚਾਹੀਦੀ ਹੈ ਜਿਹੜੀ ਉਸ ਲਈ ਸੌਖੀ ਉਪਲਬਧ ਹੈ।

### ਆਦਿਵਾਸੀ ਕਥਿਤ ਦੋਸ਼ੀ

ਕਿਸੇ ਆਦਿਵਾਸੀ ਕਥਿਤ ਦੋਸ਼ੀ ਦੇ ਸੰਬੰਧ ਵਿਚ ਨਿਪਟਾਰੇ (ਰੈਜ਼ੋਲੂਸ਼ਨ) ਬਾਰੇ ਗੱਲਬਾਤ ਕਰਨ ਅਤੇ ਸਜ਼ਾ ਬਾਰੇ ਦ੍ਰਿਸ਼ਟੀਕੋਣ ਬਣਾਉਣ ਵੇਲੇ, ਕਰਾਊਨ ਕੌਂਸਲ ਲਈ ਇਹ ਵਿਚਾਰ ਕਰਨਾ ਜ਼ਰੂਰੀ ਹੈ:

- *R. v. Gladue* ਵਿਚ ਸਥਾਪਤ ਕੀਤੇ ਗਏ ਨੇਮ[7]
- Gladue ਰਿਪੋਰਟ ਵਿਚ ਉਪਲਬਧ ਕੋਈ ਵੀ ਸਾਮੱਗਰੀ ਜਾਂ ਇਸ ਨਾਲ ਸੰਬੰਧਿਤ ਵਿਲੱਖਣ ਜਾਂ ਸਿਸਟਮਬੱਧ ਪਿਛੋਕੜੀ ਪੱਖਾਂ ਬਾਰੇ ਉਹ ਜਾਣਕਾਰੀ ਜਾਂ ਸਬੂਤ ਜਿਨ੍ਹਾਂ ਨੇ ਆਦਿਵਾਸੀ ਕਥਿਤ ਦੋਸ਼ੀ ਨੂੰ ਅਦਾਲਤ ਅੱਗੇ ਲਿਆਉਣ ਵਿਚ ਰੋਲ ਨਿਭਾਇਆ ਹੋ ਸਕਦਾ ਹੈ
- ਉਹ ਅਸਰ ਜਿਹੜਾ ਇਨ੍ਹਾਂ ਪੱਖਾਂ, ਅਤੇ ਇਸ ਦੇ ਨਾਲ ਨਾਲ ਬਸਤੀਵਾਦੀ ਇਤਿਹਾਸ ਦੇ ਜਾਰੀ ਰਹਿਣ ਵਾਲੇ ਸਿੱਟਿਆਂ ਨੇ ਕ੍ਰਿਮੀਨਲ ਜਸਟਿਸ ਸਿਸਟਮ ਨਾਲ ਆਦਿਵਾਸੀ ਕਥਿਤ ਦੋਸ਼ੀ ਦੇ ਜਾਰੀ ਰਹਿਣ ਵਾਲੇ ਸੰਬੰਧ 'ਤੇ ਪਾਇਆ ਹੋਵੇਗਾ

### ਆਦਿਵਾਸੀ ਪੀੜਿਤ

ਉਨ੍ਹਾਂ ਕੇਸਾਂ ਲਈ ਜਿਨ੍ਹਾਂ ਵਿਚ ਆਦਿਵਾਸੀ ਵਿਅਕਤੀ ਪੀੜਿਤਾਂ ਵਜੋਂ ਸ਼ਾਮਲ ਹਨ, ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਜ਼ਾ ਬਾਰੇ ਦ੍ਰਿਸ਼ਟੀਕੋਣ ਸਾਡੇ ਸਮਾਜ ਵਿਚ ਆਦਿਵਾਸੀ ਵਿਅਕਤੀਆਂ ਵਿਰੁੱਧ ਹਿੰਸਾ ਦੀ ਸਮੱਸਿਆ ਦੀ ਗੰਭੀਰਤਾ ਦਾ ਅਕਸ ਦਿਖਾਉਣ, ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਕੁੜੀਆਂ ਵਿਰੁੱਧ, ਅਤੇ ਉਨ੍ਹਾਂ ਗੰਭੀਰ ਬੇਇਨਸਾਫੀਆਂ ਦਾ ਜਿਨ੍ਹਾਂ ਦਾ ਉਨ੍ਹਾਂ ਨੇ ਸਾਹਮਣਾ ਕੀਤਾ ਹੈ।[8] ਕਰਾਊਨ ਕੌਂਸਲ ਨੂੰ ਇਸ ਤੋਂ ਵੀ ਜਾਣੂ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਕੇਸਾਂ ਵਿਚ ਜਿੱਥੇ ਕਿਸੇ ਅਜਿਹੇ ਵਿਅਕਤੀ ਨਾਲ ਬੁਰਾ ਵਰਤਾਉ ਸ਼ਾਮਲ ਹੁੰਦਾ ਹੈ ਜਿਹੜਾ ਆਦਿਵਾਸੀ ਅਤੇ ਔਰਤ ਹੋਣ ਸਮੇਤ, ਆਪਣੇ ਨਿੱਜੀ ਹਾਲਾਤਾਂ ਕਰਕੇ

---

3 *Ewert v Canada* 2018 SCC 30 at paras 57 and 58; *R v Barton*, 2019 SCC 33 at paras 198-200
4 *R v Ipeelee*, 2012 SCC 13
5 *Victimization of Aboriginal People in Canada, 2014*, Statistics Canada, 2016
6 *R v Barton*, 2019 SCC 33 at para 199
7 [1999] 1 S.C.R. 688
8 *R v Barton*, 2019 SCC 33 at para 198

ਕਮਜ਼ੋਰ ਹੈ, *ਕ੍ਰਿਮੀਨਲ ਕੋਡ* ਦਾ ਸੈਕਸ਼ਨ 718.04 ਇਹ ਮੰਗ ਕਰਦਾ ਹੈ ਕਿ ਅਦਾਲਤ ਲਈ ਉਸ ਵਤੀਰੇ ਦੀ ਨਿੰਦਿਆ ਅਤੇ ਵਤੀਰੇ ਨੂੰ ਰੋਕਣ ਦੇ ਉਦੇਸ਼ਾਂ ’ਤੇ ਮੁਢਲੀ ਵਿਚਾਰ ਕਰਨਾ ਜ਼ਰੂਰੀ ਹੈ ਜਿਹੜਾ ਵਤੀਰਾ ਜੁਰਮ ਦਾ ਆਧਾਰ ਬਣਦਾ ਹੈ।

ਉਨ੍ਹਾਂ ਕੇਸਾਂ ਲਈ ਜਿਨ੍ਹਾਂ ਵਿਚ ਜਿਗਰੀ ਸਾਥੀ ਨਾਲ ਬੁਰਾ ਵਰਤਾਉ ਸ਼ਾਮਲ ਹੁੰਦਾ ਹੈ, *ਕ੍ਰਿਮੀਨਲ ਕੋਡ* ਦਾ ਸੈਕਸ਼ਨ 718.201 ਅਦਾਲਤ ਤੋਂ ਇਹ ਵੀ ਮੰਗ ਕਰਦਾ ਹੈ ਕਿ ਸਜ਼ਾ ਦੇਣ ਵੇਲੇ, ਆਦਿਵਾਸੀ ਔਰਤ ਪੀੜਤਾਂ ਦੀਆਂ ਹਾਲਤਾਂ ਵੱਲ ਖਾਸ ਧਿਆਨ ਦਿੰਦਿਆਂ, ਪੀੜਤ ਔਰਤਾਂ ਦੀ ਜ਼ਿਆਦਾ ਕਮਜ਼ੋਰੀ ਨੂੰ ਧਿਆਨ ਵਿਚ ਰੱਖਿਆ ਜਾਵੇ। (*ਇਨਟੀਮੇਟ ਪਾਰਟਨਰ ਵਾਇਲੈਂਸ* (IPV 1))

ਇਸ ਤੋਂ ਇਲਾਵਾ, ਜਿੱਥੇ ਇਹ ਸਬੂਤ ਹੈ ਕਿ ਕੋਈ ਜੁਰਮ ਸੈਕਸ਼ਨ 718.2(ਏ)(i) ਵਿਚ ਦੱਸੇ ਗਏ ਮੁਤਾਬਕ ਪੀੜਤ ਵਲ ਪੱਖਪਾਤ, ਤੰਗਦਿਲੀ, ਜਾਂ ਨਫ਼ਰਤ ਤੋਂ ਪ੍ਰੇਰਿਤ ਸੀ ਤਾਂ ਕਰਾਊਨ ਕੌਂਸਲ ਨੂੰ *ਹੇਟ ਕਰਾਇਮਜ਼* (HAT 1) ਨੂੰ ਦੇਖਣਾ ਚਾਹੀਦਾ ਹੈ ਅਤੇ ਜੁਰਮ ਨੂੰ ਗੰਭੀਰ ਬਣਾਉਣ ਵਾਲੀਆਂ ਸਾਰੀਆਂ ਢੁਕਵੀਂਆਂ ਹਾਲਤਾਂ ’ਤੇ ਵਿਚਾਰ ਕਰਨੀ ਚਾਹੀਦੀ ਹੈ।

## ਪੀੜਤਾਂ ਅਤੇ ਪੁਲੀਸ ਨੂੰ ਜਾਣਕਾਰੀ

*ਕੈਨੇਡੀਅਨ ਵਿਕਟਿਮਜ਼ ਬਿਲ ਔਫ ਰਾਈਟਸ* ਦੇ ਸੈਕਸ਼ਨ 14 ਅਤੇ 19(1) ਅਤੇ *ਕ੍ਰਿਮੀਨਲ ਕੋਡ* ਦੇ ਸੈਕਸ਼ਨ 606(4.1) ਤੋਂ 606(4.4) ਤੱਕ ਦੇ ਹੇਠ ਹਰ ਪੀੜਤ ਨੂੰ ਕ੍ਰਿਮੀਨਲ ਜਸਟਿਸ ਸਿਸਟਮ ਦੇ ਢੁਕਵੇਂ ਅਧਿਕਾਰੀਆਂ ਵਲੋਂ ਕੀਤੇ ਜਾਣ ਵਾਲੇ ਉਨ੍ਹਾਂ ਫੈਸਲਿਆਂ ਬਾਰੇ ਆਪਣੇ ਵਿਚਾਰ ਦੇਣ ਦਾ ਹੱਕ ਹੈ ਜਿਹੜੇ ਫੈਸਲੇ ਐਕਟ ਹੇਠ ਪੀੜਤ ਦੇ ਹੱਕਾਂ ’ਤੇ ਅਸਰ ਪਾਉਂਦੇ ਹਨ, ਅਤੇ ਉਸ ਨੂੰ ਕਾਨੂੰਨ ਵਲੋਂ ਪ੍ਰਦਾਨ ਕੀਤੇ ਗਏ ਤਰੀਕਿਆਂ ਰਾਹੀਂ ਇਹ ਹੱਕ ਹੈ ਕਿ ਉਸ ਦੇ ਵਿਚਾਰਾਂ ’ਤੇ ਗੌਰ ਕੀਤਾ ਜਾਵੇ।

ਜਿਹੜੇ ਕੇਸਾਂ ਵਿਚ ਗੰਭੀਰ ਸੱਟਾਂ ਜਾਂ ਗੰਭੀਰ ਮਾਨਸਿਕ ਨੁਕਸਾਨ ਸ਼ਾਮਲ ਹੁੰਦਾ ਹੈ, ਉਨ੍ਹਾਂ ਵਿਚ ਨਿਪਟਾਰੇ ਬਾਰੇ ਗੱਲਬਾਤ ਨੂੰ ਮੁਕੰਮਲ ਕਰਨ, ਚਾਰਜ ਵਾਪਸ ਲੈਣ ਜਾਂ ਕਾਰਵਾਈਆਂ ਨੂੰ ਰੋਕਣ ਬਾਰੇ ਕਹਿਣ ਤੋਂ ਪਹਿਲਾਂ, ਕਰਾਊਨ ਕੌਂਸਲ ਨੂੰ ਪੀੜਤ, ਜਾਂ ਪੀੜਤ ਦੇ ਨੁਮਾਇੰਦੇ, ਅਤੇ ਪੁਲੀਸ ਜਾਂ ਪੜਤਾਲ ਕਰਨ ਵਾਲੀ ਕਿਸੇ ਹੋਰ ਏਜੰਸੀ ਨੂੰ ਤਜਵੀਜ਼ਸ਼ੁਦਾ ਹੱਲ ਬਾਰੇ ਜਾਣਕਾਰੀ ਦੇਣ ਲਈ ਵਾਜਬ ਕਦਮ ਚੁੱਕਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਕੋਈ ਵੀ ਤੌਖਲੇ ਜ਼ਾਹਰ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ ਜਿਹੜੇ ਉਨ੍ਹਾਂ ਦੇ ਹੋ ਸਕਦੇ ਹਨ। ਜੇ ਉਹ ਤਜਵੀਜ਼ਸ਼ੁਦਾ ਹੱਲ ਬਾਰੇ ਵੱਡੇ ਤੌਖਲੇ ਜ਼ਾਹਰ ਕਰਦੇ ਹਨ ਜਾਂ ਚਾਹੁੰਦੇ ਹਨ ਕਿ ਇਨ੍ਹਾਂ ਦੀ ਪੜਚੋਲ ਹੋਵੇ ਤਾਂ ਕਰਾਊਨ ਕੌਂਸਲ ਨੂੰ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ, ਜਾਂ ਉਨ੍ਹਾਂ ਦੇ ਸੰਬੰਧਿਤ ਡਿਪਟੀ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ ਅਤੇ ਓਨਾ ਚਿਰ ਨਿਪਟਾਰੇ ਬਾਰੇ ਗੱਲਬਾਤ ਨੂੰ ਮੁਕੰਮਲ ਨਹੀਂ ਕਰਨਾ ਚਾਹੀਦਾ, ਚਾਰਜ ਵਾਪਸ ਨਹੀਂ ਲੈਣੇ ਚਾਹੀਦੇ ਜਾਂ ਕਾਰਵਾਈ ਰੋਕਣੀ ਨਹੀਂ ਚਾਹੀਦੀ।

ਅੱਗੇ ਦੱਸੇ ਕੇਸਾਂ ਲਈ, ਕਰਾਊਨ ਕੌਂਸਲ ਨੂੰ ਨਿਪਟਾਰੇ ਦੀ ਕੋਈ ਵੀ ਗੱਲਬਾਤ ਮੁਕੰਮਲ ਕਰਨ, ਚਾਰਜ ਵਾਪਸ ਲੈਣ ਜਾਂ ਕਾਰਵਾਈਆਂ ਰੋਕਣ ਬਾਰੇ ਹਿਦਾਇਤ ਦੇਣ ਤੋਂ ਪਹਿਲਾਂ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ, ਜਾਂ ਉਸ ਦੇ ਸੰਬੰਧਿਤ ਡਿਪਰੀ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ:

- ਜਿੱਥੇ ਚਾਰਜ ਇਹ ਦੋਸ਼ ਲਾਉਂਦਾ ਹੈ ਕਿ ਕਥਿਤ ਦੋਸ਼ੀ ਮੌਤ ਲਈ ਜ਼ਿੰਮੇਵਾਰ ਹੈ
- ਕਿਸੇ ਵੀ ਗੰਭੀਰ ਚਾਰਜ ਲਈ ਜਿਸ ਬਾਰੇ ਨਿਆਂ ਕਰਨ ਦੇ ਸੰਬੰਧ ਵਿਚ ਲੋਕਾਂ ਦਾ ਮਹੱਤਵਪੂਰਨ ਫਿਕਰ ਹੋਣ ਦੀ ਸੰਭਾਵਨਾ ਹੈ, ਜਾਂ ਹੋਣ ਦੀ ਸੰਭਾਵਨਾ ਹੋ ਸਕਦੀ ਹੈ

ਭਾਵੇਂ ਕਿ ਕਰਾਊਨ ਕੌਂਸਲ ਨੂੰ ਪੀੜਤ, ਪੀੜਤ ਦੇ ਪਰਿਵਾਰ, ਜਾਂ ਪੁਲੀਸ ਜਾਂ ਪੜਤਾਲ ਕਰਨ ਵਾਲੀ ਕਿਸੇ ਹੋਰ ਏਜੰਸੀ ਵਲੋਂ ਜ਼ਾਹਰ ਕੀਤੇ ਗਏ ਤੌਖਲਿਆਂ ’ਤੇ ਵਿਚਾਰ ਕਰਨੀ ਚਾਹੀਦੀ ਹੈ, ਪਰ ਢੁਕਵੇਂ ਚਾਰਜ ਜਾਂ ਨਿਪਟਾਰੇ ਦਾ ਆਖਰੀ ਫੈਸਲਾ ਇਸ ਪਾਲਸੀ ਮੁਤਾਬਕ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਨੇ ਕਰਨਾ ਹੈ।

## ਰਿਕਾਰਡ ਕੀਤੇ ਫੈਸਲੇ

ਕਾਰਵਾਈ ਨੂੰ ਰੋਕਣ ਜਾਂ ਗੱਲਬਾਤ ਨਾਲ ਨਿਪਟਾਰੇ ਲਈ ਸਹਿਮਤ ਹੋਣ ਦੇ ਫੈਸਲੇ ਸਰਕਾਰੀ ਵਕੀਲ ਦੀ ਮਰਜ਼ੀ ਹਨ। ਭਾਵੇਂ ਕਿ

ਅਜਿਹੇ ਫੈਸਲਿਆਂ ਦੇ ਕਾਰਨ ਕਰਾਊਨ ਦੀ ਫਾਇਲ ਵਿਚ ਰਿਕਾਰਡ ਕੀਤੇ ਜਾਣੇ ਜ਼ਰੂਰੀ ਹਨ, ਪਰ ਕਰਾਊਨ ਕੌਂਸਲ ਨੂੰ ਅਜਿਹੇ ਕਾਰਨ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਤੋਂ ਬਾਹਰ ਕਿਸੇ ਕੋਲ ਜ਼ਾਹਰ ਨਹੀਂ ਕਰਨੇ ਚਾਹੀਦੇ, ਪਰ *ਇਨਫਰਮੇਸ਼ਨ ਰਿਕੁਐਸਟਸ ਫਰੌਮ ਥਰਡ ਪਾਰਟੀਜ਼* (INF 1) ਦੀ ਪਾਲਸੀ ਮੁਤਾਬਕ ਜ਼ਾਹਰ ਕੀਤੇ ਜਾ ਸਕਦੇ ਹਨ।

## ਰੱਦ ਕਰਨਾ

ਮੁਕੰਮਲ ਕੀਤੀ ਗਈ ਨਿਪਟਾਰੇ ਦੀ ਕਿਸੇ ਗੱਲਬਾਤ ਨੂੰ ਬਹੁਤ ਘੱਟ ਰੱਦ ਕੀਤਾ ਜਾਣਾ ਚਾਹੀਦਾ ਹੈ। ਰੱਦ ਕਰਨਾ ਸਿਰਫ ਉੱਥੇ ਹੀ ਵਿਚਾਰਿਆ ਜਾਣਾ ਚਾਹੀਦਾ ਹੈ ਜਿੱਥੇ ਰੀਜਨਲ ਕਰਾਊਨ ਕੌਂਸਲ ਅਤੇ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ ਇਸ ਗੱਲ ਤੋਂ ਸੰਤੁਸ਼ਟ ਹੋਣ ਕਿ ਨਿਪਟਾਰੇ ਦਾ ਐਗਰੀਮੈਂਟ ਨਿਆਂ ਪ੍ਰਣਾਲੀ ਲਈ ਬਦਨਾਮੀ ਲਿਆਵੇਗਾ। ਜੇ ਇਹ ਟੈੱਸਟ ਪੂਰਾ ਹੁੰਦਾ ਹੈ ਤਾਂ ਰੱਦ ਕਰਨ ਜਾਂ ਨਾ ਕਰਨ ਦੇ ਫੈਸਲੇ ਨੂੰ ਉਸ ਹੱਦ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜਿਸ ਹੱਦ ਤੱਕ ਕਥਿਤ ਦੋਸ਼ੀ ਨੂੰ ਉਸ ਦੀ ਪਹਿਲੀ ਹਾਲਤ ਤੱਕ ਵਾਪਸ ਲਿਆਂਦਾ ਜਾ ਸਕਦਾ ਹੋਵੇ, ਅਤੇ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਕੀ ਰੱਦ ਕਰਨ ਦੀ ਸਚਾਈ ਨਿਆਂ ਪ੍ਰਣਾਲੀ ਲਈ ਵਾਜਬ ਤੌਰ 'ਤੇ ਬਦਨਾਮੀ ਲਿਆ ਸਕਦੀ ਹੈ ਅਤੇ ਕੀ ਕਾਰਜ ਦੀ ਦੁਰਵਰਤੋਂ ਦੇ ਜੁਡੀਸ਼ਲ ਨਿਰਣੇ ਦੀ ਸੱਚੀ ਸੰਭਾਵਨਾ ਹੈ।

## ਨੁਮਾਇੰਦਗੀ-ਰਹਿਤ ਕਥਿਤ ਦੋਸ਼ੀ

ਕਰਾਊਨ ਕੌਂਸਲ ਨੂੰ ਨੁਮਾਇੰਦਗੀ-ਰਹਿਤ ਕਥਿਤ ਦੋਸ਼ੀ ਨਾਲ ਨਿਪਟਾਰੇ ਦੀ ਗੱਲਬਾਤ ਕਰਨ ਵੇਲੇ ਸਾਵਧਾਨੀ ਵਰਤਣੀ ਚਾਹੀਦੀ ਹੈ। ਅਜਿਹਾ ਕਰਨ ਤੋਂ ਪਹਿਲਾਂ, ਕਰਾਊਨ ਕੌਂਸਲ ਨੂੰ ਕਥਿਤ ਦੋਸ਼ੀ ਨੂੰ ਇਹ ਉਤਸ਼ਾਹ ਦੇਣਾ ਚਾਹੀਦਾ ਹੈ ਕਿ ਉਹ ਨਿਪਟਾਰੇ ਦੀ ਕਿਸੇ ਵੀ ਗੱਲਬਾਤ ਵਿਚ ਮਦਦ ਲਈ ਕਿਸੇ ਵਕੀਲ ਦੀ ਸਲਾਹ ਲਵੇ। ਪਰ, ਜੇ ਕਥਿਤ ਦੋਸ਼ੀ ਵਕੀਲ ਦੀ ਸਲਾਹ ਲੈਣ ਤੋਂ ਇਨਕਾਰ ਕਰਦਾ ਹੈ ਅਤੇ ਨਿਪਟਾਰੇ ਬਾਰੇ ਗੱਲਬਾਤ ਕਰਨਾ ਚਾਹੁੰਦਾ ਹੈ ਤਾਂ ਕਰਾਊਨ ਕੌਂਸਲ ਨੂੰ ਗੱਲਬਾਤ ਦੌਰਾਨ ਕਿਸੇ ਤੀਜੇ ਵਿਅਕਤੀ ਦੇ ਹਾਜ਼ਰ ਹੋਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਜਾਂ ਗੱਲਬਾਤ ਲਿਖਤੀ ਰੂਪ ਵਿਚ ਕਰਨੀ ਚਾਹੀਦੀ ਹੈ, ਜੇ ਅਜਿਹਾ ਵਾਜਬ ਤੌਰ 'ਤੇ ਕੀਤਾ ਜਾ ਸਕਦਾ ਹੋਵੇ। ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਗੱਲਬਾਤ ਦਾ ਰਿਕਾਰਡ ਫਾਇਲ ਵਿਚ ਰੱਖ ਦਿੱਤਾ ਗਿਆ ਹੈ।